# ਸਰਦੀ ਵਿੱਚ ਸਟੌਰਮਵਾਟਰ ਤਲਾਬਾਂ ਤੋਂ ਦੂਰ ਰਹੋ

### ਬਰਫ ਪਤਲੀ ਅਤੇ ਅਸੁਰੱਖਿਅਤ ਹੁੰਦੀ ਹੈ

- ਬਰਫ ਦੀ ਅਸੁਰੱਖਿਅਤ ਸਥਿਤੀ ਦੇ ਕੋਈ ਸਪਸ਼ਟ ਸੰਕੇਤ ਨਹੀਂ ਵੀ ਹੋ ਸਕਦੇ ਹਨ।
- ਸਨੋ, ਬਰਫ ਵਿਚਲੇ ਸੁਰਾਖਾਂ ਅਤੇ ਦਰਾੜਾਂ ਨੂੰ ਲੁਕਾ ਸਕਦੀ ਹੈ।
- ਪਾਣੀ ਦਾ ਲਗਾਤਾਰ ਵਹਾਅ ਅਤੇ ਪਾਣੀ ਦੇ ਬਦਲਦੇ ਲੈਵਲ, ਬਰਫ ਨੂੰ ਕਮਜ਼ੋਰ ਬਣਾ ਕੇ ਤੋੜ ਸਕਦੇ ਹਨ।

### ਸਟੌਰਮਵਾਟਰ ਤਲਾਬਾਂ ਦੇ ਨੇੜੇ ਸੁਰੱਖਿਅਤ ਕਿਵੇਂ ਰਿਹਾ ਜਾਵੇ

- ਸਟੌਰਮਵਾਟਰ ਤਲਾਬਾਂ ਤੇ ਸਕੇਟਿੰਗ, ਸਕੈਡ ਨਾ ਕਰੋ ਅਤੇ ਨਾ ਹੀ ਉਹਨਾਂ ਤੇ ਤੁਰੋ।
- ਬੱਚਿਆਂ ਅਤੇ ਪਾਲਤੂ ਜਾਨਵਰਾਂ ਨੂੰ ਬਰਫ ਤੋਂ ਦੂਰ ਰੱਖੋ।
- ਤਲਾਬ ਦੇ ਕੋਲ ਚੱਲਦੇ ਹੋਏ ਨਿਰਧਾਰਤ ਰਸਤਿਆਂ ਤੇ ਹੀ ਰਹੋ।
- ਜਾਣੋ ਕਿ ਲਾਈਫਸੇਵਿੰਗ ਉਪਕਰਨ ਕਿੱਥੇ ਸਥਿਤ ਹੈ।
- ਕਿਸੇ ਵੀ ਗੁਆਚੇ ਲਾਈਫਸੇਵਿੰਗ ਉਪਕਰਨ ਦੀ 311 ਤੇ ਰਿਪੋਰਟ ਕਰੋ।



---

# ਸਿਟੀ ਆਫ ਬ੍ਰੈਂਪਟਨ ਵਿੱਚ ਆਈਸ ਰਿੰਕਸ (ICE RINKS) ਤੇ ਸਕੇਟਿੰਗ ਕਰੋ!

ਸਿਟੀ ਆਫ ਬ੍ਰੈਂਪਟਨ ਵਿੱਚ ਬਹੁਤ ਸਾਰੇ ਕਮਿਉਨਿਟੀ ਰਿੰਕਸ ਹਨ, ਜੋ ਪੂਰੇ ਬ੍ਰੈਂਪਟਨ ਵਿੱਚ ਉਪਲਬਧ ਹਨ।

**ਹੋਰ ਜਾਣਕਾਰੀ ਲਈ, ਸਾਡੇ ਆਊਟਡੋਰ ਸਕੇਟਿੰਗ (Outdoor Skating) ਵੈਬਪੇਜ ਤੇ ਜਾਓ।**

ਸਕੈਨ ਮੀ



311

**brampton.ca**

BRAMPTON

# ਸਟੌਰਮਵਾਟਰ ਤਲਾਬ ਸਬੰਧੀ ਸੁਰੱਖਿਆ

**ਸਟੌਰਮਵਾਟਰ ਤਲਾਬ, ਤੁਹਾਨੂੰ, ਤੁਹਾਡੇ ਘਰ ਨੂੰ, ਤੁਹਾਡੇ ਗਵਾਂਢ ਨੂੰ ਅਤੇ ਵਾਤਾਵਰਣ ਨੂੰ ਸਟੌਰਮਵਾਟਰ ਰਨਔਫ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਵਿੱਚ ਮਦਦ ਕਰਦੇ ਹਨ।**

## ਸਟੌਰਮਵਾਟਰ ਤਲਾਬ ਕੀ ਹੈ?

- ਉਹ ਆਸਪਾਸ ਦੇ ਘਰਾਂ, ਸੜਕਾਂ, ਡ੍ਰਾਈਵਵੇ, ਪਾਰਕਿੰਗ ਲੌਟਸ ਤੋਂ, ਸਟੌਰਮਵਾਟਰ ਰਨਔਫ ਅਤੇ ਸਨੋਮੈਲਟ ਨੂੰ ਇਕੱਤਰ ਕਰਕੇ ਰੋਕਦੇ ਹਨ।
- ਤਲਾਬ ਵਿੱਚ ਜਾਣ ਵਾਲਾ ਸਟੌਰਮਵਾਟਰ ਰਨਔਫ ਅਤੇ ਸਨੋਮੈਲਟ ਕਈ ਚੀਜ਼ਾਂ ਆਪਣੇ ਨਾਲ ਲੈ ਜਾਂਦਾ ਹੈ, ਜਿਵੇਂ ਸੜਕਾਂ ਦਾ ਨਮਕ, ਰੇਤ, ਪਾਲਤੂ ਜਾਨਵਰਾਂ ਸਬੰਧੀ ਕੂੜਾ, ਪੱਤੇ, ਐਂਟੀਫ੍ਰੀਜ਼, ਮੋਟਰ ਤੇਲ, ਡਿਟਰਜੈਂਟ ਅਤੇ ਕੂੜਾ।
- ਤਲਾਬ ਵਿੱਚ ਆਉਣ ਵਾਲਾ ਪ੍ਰਦੂਸ਼ਕ, ਤਲਾਬ ਦੇ ਹੇਠਲੇ ਹਿੱਸੇ ਵਿੱਚ ਬੈਠ ਸਕਦਾ ਹੈ।
- ਤਲਾਬ ਦੇ ਉੱਪਰਲੇ ਪਾਸੇ ਦੇ ਸਾਫ ਪਾਣੀ ਨੂੰ, ਸਾਡੀਆਂ ਨਦੀਆਂ ਅਤੇ ਸਟ੍ਰੀਮਸ ਵਿੱਚ ਛੱਡਿਆ ਜਾਂਦਾ ਹੈ।
- ਸਟੌਰਮਵਾਟਰ ਤਲਾਬ, ਹੜ੍ਹ ਅਤੇ ਜ਼ਮੀਨ ਦੀ ਕਾਟ ਰੋਕਣ ਵਾਸਤੇ ਹੌਲੀ-ਹੌਲੀ ਪਾਣੀ ਛੱਡਦੇ ਹਨ।
- ਰੁੱਖਾਂ, ਝਾੜੀਆਂ, ਕੁਦਰਤੀ ਖੇਤਰਾਂ, ਪੈਦਲ ਰਸਤਿਆਂ ਅਤੇ ਬੈਠਣ ਦੇ ਪਲੇਟਫਾਰਮਾਂ ਦੇ ਨਾਲ, ਸਟੌਰਮਵਾਟਰ ਤਲਾਬਾਂ ਦੀ ਸੁੰਦਰਤਾ ਵਿੱਚ ਵਾਧਾ ਹੁੰਦਾ ਹੈ, ਤਾਂ ਜੋ ਨਿਵਾਸੀ ਅਤੇ ਆਉਣ ਵਾਲੇ (ਵਿਜੀਟਰ) ਇਸ ਦ੍ਰਿਸ਼ ਦਾ ਅਨੰਦ ਮਾਣ ਸਕਣ।

## ਸਿਟੀ ਕੀ ਕਰਦੀ ਹੈ?

**ਸਿਟੀ ਆਫ ਬ੍ਰੈਂਪਟਨ ਵਿੱਚ 180 ਤੋਂ ਵੱਧ ਸਟੌਰਮਵਾਟਰ ਤਲਾਬ ਹਨ, ਜੋ ਤੁਹਾਡੀ ਅਤੇ ਵਾਤਾਵਰਣ ਦੀ ਰੱਖਿਆ ਕਰਨ ਵਿੱਚ ਮਦਦ ਕਰਦੇ ਹਨ। ਸਿਟੀ ਹੇਠਾਂ ਲਿਖੇ ਕੰਮਾਂ ਨਾਲ ਇਹਨਾਂ ਤਲਾਬਾਂ ਦੀ ਸਾਂਭ-ਸੰਭਾਲ ਕਰਦੀ ਹੈ:**

- ਹੇਠਾਂ ਦੀ ਮੈਲ ਹਟਾਉਣਾ
- ਸੁਰੱਖਿਅਤ ਹੋਣ ਤੇ ਤਲਾਬ ਵਿੱਚ ਅਤੇ ਇਸਦੇ ਆਸਪਾਸ ਦਾ ਮਲਬਾ ਹਟਾਉਣਾ
- ਆਕ੍ਰਮਕ ਵਨਸਪਤੀ ਹਟਾਉਣਾ
- ਗੇਟਸ ਅਤੇ ਵਾਲਵਸ ਵਰਗੇ ਸਟ੍ਰਕਚਰਾਂ ਦੀ ਸਾਂਭ-ਸੰਭਾਲ ਕਰਨਾ
- ਆਸਪਾਸ ਦੀ ਵਨਸਪਤੀ ਅਤੇ ਪੌਦਿਆਂ ਦੀ ਸਾਂਭ-ਸੰਭਾਲ ਕਰਨਾ
- ਵਨਸਪਤੀ ਨੂੰ ਬਦਲਣਾ
- ਕਾਟ ਨੂੰ ਰੋਕਣ ਲਈ ਕਿਨਾਰਿਆਂ ਨੂੰ ਸਥਿਰ ਬਣਾਉਣਾ
- ਤਲਾਬਾਂ ਦਾ ਨਿਰੀਖਣ ਕਰਨਾ

## ਤੁਸੀਂ ਕੀ ਕਰ ਸਕਦੇ ਹੋ?

- ਸਾਈਨ ਬੋਰਡਾਂ ਦੇ ਮੁਤਾਬਿਕ ਚੱਲੋ
- ਸਟੌਰਮਵਾਟਰ ਤਲਾਬਾਂ ਤੋਂ ਦੂਰ ਅਤੇ ਬਾਹਰ ਰਹੋ
- ਤਟਰੇਖਾ ਤੋਂ ਦੂਰ ਰਹੋ
- ਐਮਰਜੈਂਸੀ ਦੀ ਸਥਿਤੀ ਵਿੱਚ, 911 ਤੇ ਫੋਨ ਕਰੋ
- iOs ਅਤੇ Android ਲਈ, what3words ਮੁਫਤ ਮੋਬਾਈਲ ਐਪ ਡਾਊਨਲੋਡ ਕਰੋ

ਸਕੈਨ ਮੀ



311 brampton.ca

BRAMPTON